**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿਖਿਆ ਅਭਿਆਨ ਅਥਾਰਟੀ (ਪੰਜਾਬ)**
ਐਸ.ਸੀ.ਓ. 104-106,ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ

---

**ਯਾਦ ਪੱਤਰ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ

ਮੀਮੋ ਨੰ:- ਸਸਅ/2011/ਐਚਆਰ/90987
ਮਿਤੀ: ਚੰਡੀਗੜ੍ਹ 11/11/2011

**ਵਿਸ਼ਾ:** **ਸਮੂਹ ਜਿਲ੍ਹਿਆਂ ਦੇ ਸਕੂਲਾਂ ਵਿੱਚ ਮੰਜੂਰ ਅਸਾਮੀਆਂ ਅਤੇ ਲੋੜੀਂਦੀਆ ਅਸਾਮੀਆਂ ਬਾਰੇ।**

**ਹਵਾਲਾ:** :- ਸਸਅ/2011/ਐਚਆਰ/90269-288 ਮਿਤੀ: ਚੰਡੀਗੜ੍ਹ 03/11/11

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮੂਹ ਜ਼ਿਲ੍ਹਿਆਂ ਦੇ ਸਾਰੇ ਸਕੂਲਾਂ ਦੀ ਸਰਕਾਰ ਵੱਲੋਂ ਮੰਜੂਰ, ਅਸਾਮੀਆਂ ਦੀ ਸੂਚਨਾ ਕੈਟਗਰੀ ਵਾਈਜ਼ (CHT,HT,JBT) ਆਪ ਵੱਲੋਂ ਇਸ ਦਫ਼ਤਰ ਨੂੰ ਭੇਜੀ ਗਈ ਸੀ। ਰਾਈਟ-ਟੂ-ਐਜੂਕੇਸ਼ਨ ਐਕਟ ਤਹਿਤ ਰਾਜ ਦੇ ਸਮੂਹ ਸਕੂਲਾਂ ਵਿੱਚ Demand Post ਵੈਬਸਾਈਟ ਤੇ ਲੋਡ ਕੀਤੀ ਸੂਚਨਾ ਹੇਠ ਫਾਰਮੂਲੇ ਅਨੁਸਾਰ ਤਿਆਰ ਕੀਤੀ ਗਈ ਹੈ:-

Demand Post = Total Requried - Sanctioned Post (Govt.)
Demand Post of CHT = Required CHT- Sanctioned CHT
Demand Post of JBT = Required JBT- Sanctioned JBT

ਆਪ ਨੂੰ ਲਿਖਿਆ ਜਾਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕ CHT,HT,JBT/ETT, ETT(SSA) ਅਤੇ EVs (**ਸਿੱਖਿਆ ਕਰਮੀਆਂ**) **ਦੀ ਸੂਚਨਾ ਵੈਬਸਾਈਟ ਤੇ ਪਾਏ ਗਏ ਪ੍ਰਫੋਰਮੇ ਅਨੁਸਾਰ ਤਿਆਰ ਕਰਕੇ ਮਿਤੀ** 15/11/11 **ਤੱਕ** Soft Copy Email: aspdhr@gmail.com ਰਾਹੀਂ ਇਸ ਦਫ਼ਤਰ ਨੂੰ ਭੇਜੀ ਜਾਵੇ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਜ਼ਿਲ੍ਹੇ ਵਿੱਚ ਕੋਈ ਵੀ ਸਰਕਾਰੀ/ਐਸ.ਐਸ.ਏ ਦਾ ਸਕੂਲ ਉਪਰਕੋਤ ਸੂਚਨਾ ਭਰਨ ਪੱਖੋਂ ਰਹਿ ਨਾ ਜਾਵੇ। ਤਿਆਰ ਕੀਤੀ ਹੋਈ ਸੂਚਨਾ ਸਬੰਧਤ ਸਕੂਲ ਮੁੱਖੀ ਵੀ ਚੈੱਕ ਕਰ ਲੈਣ।

ਜੇਕਰ ਸੂਚਨਾ ਵਿੱਚ ਕੋਈ ਕਿਸੇ ਕਿਸਮ ਦੀ ਖਾਮੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਦੀ ਸੂਚਨਾ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਰਾਹੀਂ ਤੁਰੰਤ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

ਉਪਰੋਕਤ ਸੂਚਨਾ ਲੋੜੀਂਦੇ ਪ੍ਰੋਫਾਰਮੇ ਵਿੱਚ ਸਹੀ ਅਤੇ ਦਰੁੱਸਤ ਭਰਨ ਲਈ ਸਕੂਲ ਮੁੱਖੀ, ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਨਿੱਜੀ ਤੌਰ ਤੇ ਜ਼ਿਮੇਵਾਰ ਹੋਣਗੇ।

3.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**

ਪਿੱਠ ਅੰਕਣ ਨੰ: ਸਸਅ/2011/ਐਚ.ਆਰ./90988-990 ਮਿਤੀ

(1) ਡੀ.ਪੀ.ਆਈ. (ਐ.ਸਿ.) ਪੰਜਾਬ ਚੰਡੀਗੜ੍ਹ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬਸਾਈਟ ਰਾਹੀਂ)।
(3) ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**